# 17
# ‘‘ਮੈਂ ਹਾਂ’’
## (8:12-59)

ਹਾਲ ਹੀ ਵਿਚ ਮੈਂ ਇਕ ਬਦ ਪੜ੍ਹਿਆ ਜੋ ਅੱਜ ਕੱਲ ਬੜਾ ਚੱਲ ਰਿਹਾ ਹੈ। ਮੇਰੇ ਖ਼ਿਅਲ ਚ ਇਸ ਸ਼ਬਦ ਦੇ ਕਹੀ ਅਰਥ ਲਏ ਜਾ ਸਕਦੇ ਹਨ, ਖ਼ਾਸ ਤੌਰ ਤੇ ਇਹ ਚਰਚਾ ਖ਼ਤਮ ਕਰਨ ਲਈ ਵਰਤਿਆ ਜਾਂਦਾ ਲਗਦਾ ਹੈ। ਪਹਿਲਾਂ ਤਾਂ ਮੈਨੂੰ ਲੱਗਾ ਕਿ ਇਹ ਸਿਰਫ਼ ਟੀਨ-ਏਜਰਾਂ ਲਈ ਵਰਤਿਆ ਜਾਂਦਾ ਹੈ, ਪਰ ਉਹਦੇ ਬਾਅਦ ਮੈਂ ਇਹਨੂੰ ਹਰ ਪੀੜ੍ਹੀ ਦੇ ਲੋਕਾਂ ਦੀ ਜ਼ਬਾਨ ਤੇ ਸੁਣਿਆ ਹੈ। ਹੁਣ ਬਹੁਤੇ ਲੋਕ ਇਹ ਬੋਲਣ ਲਗ ਪਏ ਹਨ, ‘‘ਹੋਰ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ।’’ ਸ਼ਬਦ ਹੈ, ‘‘ਜੋ ਵੀ ਹੋਵੇ।‘‘

ਇਕ ਮਾਂ ਬੱਚੇ ਨੂੰ ਆਖਦੀ ਹੈ, ‘‘ਤੈਨੂੰ ਇਹ ਕਰਨਾ ਚਾਹੀਦਾ ਹੈ!’’ ਅਤੇ ਬੱਚਾ ਜਵਾਬ ਦਿੰਦਾ ਹੈ, ‘‘ਜੋ ਵੀ ਹੋਵੇ।’’ ਇਕ ਟੀਨ ਏਜਰ ਕੁੜੀ ਆਪਣੀ ਸਹੇਲੀ ਨੂੰ ਇਕ ਸਥਿਤੀ ਵਿਚ ‘‘ਸਹੀ ਗੱਲ ਕਰਨ’’ ਲਈ ਾਖਦੀ ਹੈ, ਅਤੇ ਜਵਾਬ ਮਿਲਦਾ ਹੈ, ‘‘ਜੋ ਵੀ ਹੋਵੇ।’’ ਬਾਲਗ ਲੋਕ ਤਦ ਤਕ ਸਿਆਸਤ ਤੇ ਬਹਿਸ ਕਰਦੇ ਹਨ ਉਨ੍ਹਾਂ ਵਿੱਚੋਂ ਇਕ ਜਣਾ ਹੰਭ ਨਾ ਜਾਵੇ ਅਤੇ ਮੋਢੇ ਮਾਰਦਿਆਂ ਇਹ ਨਾ ਆਖੇ, ‘‘ਜੋ ਵੀ ਹੋਵੇ।’’

ਇਸ ਤੋਂ ਵੱਧ ਅਹਿਮ ਪੱਧਰ ਤੇ ‘‘ਜੋ ਵੀ ਹੋਵੇ’’ ਦਾ ਅਰਥ ਇਹ ਹੋ ਸਕਦਾ ਹੈ ਕਿ ਲੋਕਾਂ ਨੂੰ ਸੱਚਾਈ ਨਾਲ ਕੋਈ ਫ਼ਰਕ ਨਹੀਂ ਪੈਂਦਾ। ਇਸ ਤੋਂ ਇਹ ਸੰਦੇਸ਼ ਜਾ ਸਕਦਾ ਹੈ ਕਿ ਤੁਸੀਂ ਸੱਚਾਈ ਨੂੰ ਆਪਣੇ ਨਜ਼ਰੀਏ ਨਾਲ ਵੇਖੋ, ਮੈਂ ਸੱਚਾਈ ਨੂੰ ਆਪਣੇ ਨਜ਼ਰੀਏ ਨਾਲ ਵੇਖਦਾ ਹਾਂ ਅਤੇ ਅਸੀਂ ਮੰਨ ਸਕਦੇ ਹਾਂ ਕਿ ਅਸੀਂ ਦੋਵੇਂ ਹੀ ਸਹੀ ਹੋ ਸਕਦੇ ਹਾਂ। ਅਮਰੀਕਾ ਵਿਚ 1990 ਦੇ ਦਹਾਕੇ ਵਿਚ ਇਹਦੇ ਲਈ ‘‘whatever’’ ਸ਼ਬਦ ਕਿਸੇ ਸੱਭਿਆਚਾਰਕ ਸਨਕ ਲਾਲੋਂ ਵੱਧ ਸੀ; ਇਹ ਇਕ ਸ਼ਬਦੀ ਸੰਕੇਤ ਹੈ ਜੋ ਦੱਸਦਾ ਹੈ ਕਿ ਦੇਸ਼ ਕਿਸ ਪਾਸੇ ਨੂੰ ਸੋਚ ਰਿਹਾ ਹੈ। ਇਸ ਦਿਲਚਸਪ ਸ਼ਬਦ ਦੇ ਮੇਰੇ ਮੁਲਾਂਕਣ ਬਾਰੇ ਤੁਹਾਡਾ ਕੀ ਖਿਆਲ ਹੈ? ਭਲਾ ਮੈਂ ਤੁਹਾਨੂੰ ‘‘ਜੋ ਵੀ ਹੋਵੇ’’ ਕਹਿੰਦੇ ਸੁਣਿਆ ਹੈ?

ਸਾਡੇ ਪਾਠ, 8: 12-59 ਵਿਚ, ਯਿਸੂ ਨੇ ‘‘ਜੋ ਵੀ ਹੋਵੇ’’ ਦੀ ਚੁਣੌਤੀ ਦਿੱਤੀ। ਉਹਦਾ ਸੰਦੇਸ਼ ਸਾਫ਼ ਹੈ ਅਤੇ ਉਹਦੇ ਦਾਅਵਿਆਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਖ਼ੀਰ ਵਿਚ ਤੁਸੀਂ ਉਸ ਨੂੰ ਖੁਸ਼ੀ ਨਾਲ ‘‘ਹਾਂ!’’ ਜਾਂ ਫਿਰ ਬਾਗ਼ੀ ਹੋ ਕੇ ‘‘ਨਾਂਹ!’’ ਆਖੋ, ਪਰ ਉਹ ਤੁਹਾਨੂੰ ਜਵਾਬ ਵਿਚ ‘‘ਜੋ ਵੀ ਹੋਵੇ’’ ਨਹੀਂ ਕਹਿਣ ਦਏਗਾ।

## ‘‘ਮੈਂ ਹਾਂ’’ ਵਾਕ ਅੰਸ਼

ਯੂਹੰਨਾ 8: 12 ਵਿਚ ਯਿਸੂ ਨੇ ਐਲਾਨ ਕੀਤਾ ਕਿ ‘‘ਜਗਤ ਦਾ ਚਾਨਣ ਮੈਂ ਹਾਂ।’’ ਆਧੁਨਿਕ ਪਾਠਕ ਉਸਦੀ ਗੱਲ ਦੇ ‘‘ਜਗਤ ਦਾ ਚਾਨਣ’’ ਭਾਗ ਤੇ ਧਿਆਨ ਲਾਉਣਾ ਤਾਂ ਚਾਹੁਣਗੇ; ਪਰ ਜਿਸ ਬੇਹੱਦ ਅਹਿਮ ਪਹਿਲੂ ਦੀ ਯਿਸੂ ਗੱਲ ਕਰ ਰਿਹਾ ਸੀ ਉਹ ਆਖ਼ਰੀ ਦੋ ਸ਼ਬਦਾਂ, ‘‘ਮੈਂ ਹਾਂ’’ ਵਿਚ ਮਿਲਦਾ ਹੈ। ਇਸ ਛੋਟੇ ਜਿਹੇ ਵਾਕ ਅੰਸ਼ ਦੀ ਪੁਰਾਣੇ ਨੇਮ ਵਿਚ

ਬਹੁਤ ਅਹਿਮੀਅਤ ਹੈ; ਅਤੇ ਯਿਸੂ ਦੇ ਪਹਿਲੀ ਸਦੀ ਦੇ ਸੁਣਨ ਵਾਲਿਆਂ ਲਈ ਸ਼ਾਇਦ ਇਹ ਸਭ ਤੋਂ ਵੱਧ ਝਗੜੇ ਵਾਲਾ ਸੀ। ਉਨ੍ਹਾਂ ਨੂੰ ਇੰਜ ਲੱਗਦਾ ਸੀ ਜਿਵੇਂ ਉਹ ਕਹਿ ਰਿਹਾ ਹੋਵੇ, ''ਮੈਂ ਖ਼ੁਦਾ ਹਾਂ।'' ਯੂਹੰਨਾ ਦੇ ਵਿਰਤਾਂਤ ਦੇ ਸੰਦਰਭ ਵਿਚ, ਉਹ *ਇਹੀ* ਆਖ ਰਿਹਾ ਸੀ!

ਪੁਰਾਣੇ ਨੇਮ ਵਿਚ, ਪਰਮੇਸ਼ੁਰ ਨੇ ਆਪਣੇ ਆਪ ਨੂੰ ''ਮੈਂ ਹਾਂ'' ਕਹਿ ਕੇ ਹੀ ਗੱਲ ਕੀਤੀ ਸੀ। ਬਲਦੀ ਹੋਈ ਝਾੜੀ ਵਿਚ ਖ਼ੁਦਾ ਦੇ ਮੂਸਾ ਨੂੰ ਮਿਲਣ ਤੇ, ਮੂਸਾ ਨੇ ਉਸਦਾ ਨਾਂਅ ਪੁੱਛਿਆ ਸੀ। ਉਸ ਨੂੰ ਦੱਸਿਆ ਗਿਆ ਸੀ, ''ਮੈਂ ਜੋ ਹਾਂ ਜੋ ਹਾਂ'' (ਕੂਚ 3:14)। ਬਾਅਦ ਵਿਚ, ਮੂਸਾ ਦੇ ਗੀਤ ਵਿਚ, ਖ਼ੁਦਾ ਨੇ ਐਲਾਨ ਕੀਤਾ:

> ਹੁਣ ਵੇਖੋ ਕਿ ਮੈਂ ਉਹੀ ਮੈਂ ਹਾਂ,
> ਅਤੇ ਮੇਰੇ ਬਿਨਾਂ ਹੋਰ ਕੋਈ ਪਰਮੇਸ਼ੁਰ ਹੈ ਨਹੀਂ,
> ਮੈਂ ਹੀ ਮਾਰਦਾ ਹਾਂ ਅਤੇ ਮੈਂ ਹੀ ਜੀਉਂਦਾ ਕਰਦਾ ਹਾਂ ...
> (ਵਿਵਸਥਾਸਾਰ 32:39)

ਸਦੀਆਂ ਬਾਅਦ, ਯਸਾਯਾਹ ਨਬੀ ਨੇ ਲਿਖਿਆ ਸੀ:

> ਯਹੋਵਾਹ ਦੀ ਬਾਣੀ ਹੈ ਕਿ ਤੁਸੀਂ ਮੇਰੇ ਗਵਾਹ ਹੋ,
> ਯਹੋਵਾਹ ਦਾ ਵਾਕ ਹੈ, ਨਾਲੇ ਮੇਰਾ ਦਾਸ ਜਿਹ ਨੂੰ ਮੈਂ ਚੁਣਿਆ
> ਭਈ ਤੁਸੀਂ ਜਾਣੋ ਅਤੇ ਮੇਰੀ ਪਰਤੀਤ ਕਰੋ, ਅਤੇ ਸਮਝੋ ਕਿ ਮੈਂ ਉਹੀ ਮੈਂ ਹਾਂ।
> ਮੈਥੋਂ ਅੱਗੇ ਕੋਈ ਪਰਮੇਸ਼ੁਰ ਨਹੀਂ ਸਾਜਿਆ ਗਿਆ,
> ਨਾ ਮੇਰੇ ਪਿੱਛੋਂ ਕੋਈ ਹੋਵੇਗਾ
> (ਯਸਾਯਾਹ 43:10)।

ਇਸ ਤਰ੍ਹਾਂ, ''ਮੈਂ ਹਾਂ'' ਪਵਿੱਤਰ ਭਾਸ਼ਾ ਸੀ ਅਤੇ ਇਸ ਨੂੰ ਖ਼ੁਦਾ ਦੇ ਇਲਾਵਾ ਹੋਰ ਕਿਸੇ ਲਈ ਵਰਤਿਆ ਜਾਣਾ ਕੁਫ਼ਰ ਵੀ ਸੀ!

## ਯਿਸੂ ਆਖਦਾ ਹੈ ''ਮੈਂ ਹਾਂ''

ਯੂਹੰਨਾ 8 ਅਧਿਆਇ ਦੀ ਕਹਾਣੀ ਵਿਚ ਯਿਸੂ ਨੇ ਆਪਣੇ ਲਈ ਦੋ ਸ਼ਬਦਾਂ ''ਮੈਂ ਹਾਂ'' (ਯੂ - *ego eimi*) ਦੀ ਵਰਤੋਂ ਕੀਤੀ:

> ਜਗਤ ਦਾ ਚਾਨਣ ਮੈਂ ਹਾਂ (8:12)।
>
> ਮੈਂ ਹਾਂ ਆਪਣੇ ਉੱਤੇ ਸਾਖੀ ਦਿੰਦਾ ਹਾਂ (8:18)।
>
> ਮੈਂ ਉੱਤੋਂ ਦਾ ਹਾਂ (8:23)।
>
> ਮੈਂ ਇਸ ਜਗਤ ਦਾ ਨਹੀਂ ਹਾਂ (8:23)।

ਜਿੰਨੀ ਵਾਰ ਉਸਨੇ ਉਸ ਭਾਸ਼ਾ ਦੀ ਵਰਤੋਂ ਕੀਤੀ, ਉਸਦੇ ਸੁਣਨ ਵਾਲੇ ਤ੍ਰਭਕ ਗਏ ਹੋਣਗੇ। ਆਪਣੇ ਆਪ ਨੂੰ ਖ਼ੁਦਾ ਕਹੇ ਬਗ਼ੈਰ ਯਿਸੂ ਖ਼ੁਦਾ ਹੋਣ ਦੀ ਭਾਸ਼ਾ ਵਰਤ ਰਿਹਾ ਸੀ। ਜਦ ਯਿਸੂ ਨੇ ਇਸ ਦੇ ਅੱਗੇ ਕੁਝ ਨਾ ਕਿਹਾ ਹੁੰਦਾ, ਤਾਂ ਅਸੀਂ ਇਸੇ ਹੈਰਾਨੀ ਵਿਚ ਰਹਿੰਦੇ ਕਿ ਅਜਿਹੀ ਭਾਸ਼ਾ ਦੀ ਵਰਤੋਂ ਕਰਨ ਦਾ ਕੀ ਮਤਲਬ ਸੀ। ਯਕੀਨਨ ਹੀ ਸਾਨੂੰ ਹੈਰਾਨ ਹੋਣ ਦੀ ਲੋੜ ਨਹੀਂ ਹੈ, ਕਿਉਂਕਿ ਯਿਸੂ ਨੇ ਆਪਣੇ ਦਾਅਵਿਆਂ ਨੂੰ ਸਾਫ਼ ਕਰ ਦਿੱਤਾ।

ਅਧਿਆਇ 8 ਵਿਚ ਯਿਸੂ ਨੇ ਯਹੂਦੀ ਆਗੂਆਂ ਨਾਲ ਆਪਣੀ ਗੱਲਬਾਤ ਵਿਚ ਤਿੰਨ ਵਾਰ, ਦੋ ਭੜਕਾਉਣ ਵਾਲੇ ਸ਼ਬਦਾਂ ''ਮੈਂ ਹਾਂ'' ਦੀ ਵਰਤੋਂ ਕੀਤੀ। ਸਾਡੇ ਵਾਂਗ ਹੀ, ਉਸ ਸਮੇਂ ਦੇ ਲੋਕ ਵੀ ਜਾਣਦੇ ਸਨ ਕਿ ਯਿਸੂ ਆਪਣੇ ਆਪ ਨੂੰ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਐਲਾਨ ਕਰ ਰਿਹਾ ਹੈ: ''ਇਸ ਲਈ ਮੈਂ ਤੁਹਾਨੂੰ ਆਖਿਆ ਜੋ ਤੁਸੀਂ ਆਪਣੇ ਪਾਪਾਂ ਵਿਚ ਮਰੋਗੇ ਕਿਉਂਕਿ ਜੇ ਤੁਸੀਂ ਪਰਤੀਤ ਨਾ ਕਰੋ ਕਿ ਮੈਂ ਉਹੋ [*ego eimi*] ਹਾਂ ਤਾਂ ਆਪਣੇ ਪਾਪਾਂ ਵਿਚ ਮਰੋਗੇ'' (8:24)।

ਇਸ ਨਾਲ ਉਲਝਣ ਪੈਦਾ ਹੋ ਗਈ ਅਤੇ ਯਹੂਦੀਆਂ ਨੇ ਯਿਸੂ ਤੋਂ ਫੇਰ ਪੁੱਛਿਆ ''ਤੂੰ ਹੈਂ ਕੌਣ?'' (8:25)। ਉਸਨੇ ਜਵਾਬ ਦਿੱਤਾ, ''ਤੁਸੀਂ ਮਨੁੱਖ ਦੇ ਪੁੱਤਰ ਨੂੰ ਉੱਚਾ ਕਰੋਗੇ ਤਾਂ ਜਾਣੋਗੇ ਭਈ ਮੈਂ ਉਹੋ [*ego eimi*] ਹਾਂ ਅਤੇ ਇਹ ਜੋ ਮੈਂ ਆਪਣੀ ਵੱਲੋਂ ਕੁਝ ਨਹੀਂ ਕਰਦਾ ਪਰ ਜਿੱਦਾਂ ਪਿਤਾ ਨੇ ਮੈਨੂੰ ਸਿਖਾਲਿਆ ਹੈ ਓਦਾਂ ਹੀ ਮੈਂ ਏਹ ਗੱਲਾਂ ਆਖਦਾ ਹਾਂ'' (8:28)।

ਉਸ ਗੱਲਬਾਤ ਨੂੰ ਅੱਗੇ ਲਿਖਣਾ ਜਾਰੀ ਰੱਖਦਿਆਂ ਯੂਹੰਨਾ ਨੇ ਸੰਕੇਤ ਦਿੱਤਾ ਕਿ ਯਿਸੂ ਉਨ੍ਹਾਂ ਯਹੂਦੀਆਂ ਨਾਲ ਗੱਲਾਂ ਕਰ ਰਿਹਾ ਸੀ, ''ਜਿਨ੍ਹਾਂ ਉਹਦੀ ਪਰਤੀਤ ਕੀਤੀ'' (8:31)! ਉਹ ਇਹ ਜ਼ੋਰ ਦੇ ਕੇ ਕਹਿੰਦੇ ਸਨ ਕਿ ਉਹ ਅਬਰਾਹਾਮ ਦੀ ਸੰਤਾਨ ਹਨ, ਕਿਉਂਕਿ ਉਹ ਕਦੇ ਗ਼ੁਲਾਮ ਨਹੀਂ ਹੋਏ ਸਨ, ਇਸ ਕਰਕੇ ਉਨ੍ਹਾਂ ਨੂੰ ਅਜ਼ਾਦੀ ਦੀ ਯਿਸੂ ਦੀ ਪੇਸ਼ਕਸ਼ ਦੀ ਲੋੜ ਨਹੀਂ ਸੀ। ਜਦ ਯਿਸੂ ਨੇ ਉਨ੍ਹਾਂ ਤੇ ਉਹਨੂੰ ਮਾਰਨ ਦੀ ਕੋਸ਼ਿਸ਼ ਕਰਨ ਦਾ ਇਲਜ਼ਾਮ ਲਾਇਆ ਤਾਂ ਉਨ੍ਹਾਂ ਦਾਅਵਾ ਕੀਤਾ ਕਿ ਉਸ ਵਿਚ ਬਦਰੂਹ ਹੈ (8:48)। ਉਨ੍ਹਾਂ ਨੇ ਹੋਰ ਵੀ ਮੁਖ਼ਾਲਫ਼ ਹੋ ਕੇ ਫੇਰ ਦਾਅਵਾ ਕੀਤਾ ਕਿ ਉਹ ਅਬਰਾਹਾਮ ਦੀ ਸੰਤਾਨ ਹਨ। ਯਿਸੂ ਦਾ ਜਵਾਬ ਸੀ ਕਿ ਅਬਰਾਹਾਮ ਤਾਂ ਯਿਸੂ ਦੇ ਦਿਨ ਨੂੰ ਵੇਖ ਕੇ ਖੁਸ਼ ਹੁੰਦਾ ਸੀ। ਉਹ ਹੈਰਾਨ ਸਨ ਕਿ ਇਹ ਕਿਵੇਂ ਹੋ ਸਕਦਾ ਹੈ, ਕਿਉਂਕਿ ਅਬਰਾਹਾਮ ਨੂੰ ਮਰੇ ਤਾਂ ਸਦੀਆਂ ਬੀਤ ਚੁੱਕੀਆਂ ਸਨ। ਯਿਸੂ ਨੇ ਜਵਾਬ ਦਿੱਤਾ, ''ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਅਬਰਾਹਾਮ ਦੇ ਹੋਣ ਤੋਂ ਪਹਿਲਾਂ ਮੈਂ ਹਾਂ[*ego eimi*]'' (8:58)।

ਹੁਣ ਉਹ ਹੋਰ ਬ੍ਰਦਾਸ਼ਤ ਨਹੀਂ ਕਰ ਸਕਦੇ ਸਨ! ਉਨ੍ਹਾਂ ਨੇ ਲੇਵੀਆਂ 24:16 ਨੂੰ ਧਿਆਨ ਵਿਚ ਰੱਖਦੇ ਹੋਏ, ਪੱਥਰ ਚੁੱਕ ਲਏ ਅਤੇ ਉਸ ਤੇ ਪਥਰਾਅ ਕਰਨ ਦੀ ਯੋਜਨਾ ਬਣਾ ਲਈ। ਪਰ ਯਿਸੂ ਉਨ੍ਹਾਂ ਵਿੱਚੋਂ ਨਿਕਲ ਕੇ ਹੈਕਲ ਵਿਚ ਚਲਿਆ ਗਿਆ। ਹਰ ਕੋਈ ਇਸ ਗੱਲ ਦੀ ਅਹਿਮੀਅਤ ਨੂੰ ਸਮਝਦਾ ਸੀ ਕਿ ਯਿਸੂ ਨੇ ਹੁਣੇ ਹੁਣੇ ਕੀ ਕਿਹਾ ਸੀ, ਭਾਵ ਉਨ੍ਹਾਂ ਨੂੰ ਸਮਝ ਸੀ ਕਿ ਉਸਨੇ ਪਰਮੇਸ਼ੁਰ ਨਾਲ ਇਕ ਹੋਣ, ਖ਼ੁਦਾ ਦਾ ਪੁੱਤਰ ਹੋਣ ਭਾਵ ਖ਼ੁਦਾ ਹੋਣ ਦਾ ਦਾਅਵਾ ਕੀਤਾ ਸੀ।

## ਅੱਜ ਯਿਸੂ ਦੇ ਦਾਅਵੇ

ਅੱਜ ਸਾਨੂੰ ਯਿਸੂ ਨੂੰ ਕੀ ਸਮਝਣਾ ਚਾਹੀਦਾ ਹੈ? ਬਹੁਤੇ ਲੋਕ ਇਹ ਮੰਨਣ ਨੂੰ ਤਿਆਰ ਹਨ

ਕਿ ਯਿਸੂ ਇਸ ਸੰਸਾਰ ਰਿਹਾ ਅਤੇ ਉਹ ਇਕ ਲੇਕ ਇਨਸਾਨ ਸੀ, ਪਰ ਉਹ ਇਹ ਮੰਨਣ ਨੂੰ ਤਿਆਰ ਨਹੀਂ ਹਨ ਕਿ ਅਸਲ ਵਿਚ ਉਹ ਖ਼ੁਦਾ ਦਾ ਬੇਟਾ ਹੈ। ਯਿਸੂ ਨੇ ਅਜਿਹੇ ਵਿਚਾਰ ਨੂੰ ਬੇਤੁਕਾ ਬਣਾ ਦਿੱਤਾ। ਉਸ ਨੇ ਨੇਕ ਇਨਸਾਨ ਹੋਣ ਦਾ ਹੀ ਨਹੀਂ ਬਲਕਿ ''ਮੈਂ ਹਾਂ'' ਹੋਣ ਦਾ ਦਾਅਵਾ ਕੀਤਾ। ਉਸਨੇ ਆਪਣੇ ਮਹਾਨ ਦਾਰਸ਼ਿਨਕ ਹੋਣ ਦਾ ਦਾਅਵਾ ਨਹੀਂ ਕੀਤਾ; ਉਸਨੇ ਤਾਂ ਆਪਣੇ ਆਪ ਨੂੰਪਿਤਾ ਕੋਲ਼ ਜਾਣ ਦਾ ਇੱਕੋ ਰਾਹ ਦੱਸਿਆ। ਉਸਨੇ ਇਹ ਨਹੀਂ ਕਿਹਾ ਕਿ ਉਸਨੂੰ ਖ਼ੁਦਾ ਦੀ ਰੌਸ਼ਨੀ ਮਿਲ ਗਈ ਹੈ ਬਲਕਿ ਉਸਨੇ ਇਹ ਦਾਅਵਾ ਕੀਤਾ ਕਿ ਉਹ ਅਤੇ ਪਿਤਾ ਇਕ ਹਨ। ਉਸਦੇ ਸਾਫ਼ ਦਾਅਵੇ ਸਾਨੂੰ ਵਿਸ਼ਵਾਸ ਕਰਨ, ਮੰਨਣਾ ਚੁਣਨ ਜਾਂ ਉਸਦੀ ਸੱਚੀ ਪਛਾਣ ਨੂੰ ਨਕਾਰਨ ਲਈ ਬੇਵੱਸ ਕਰਦੇ ਹਨ। ਇਸ ਗੱਲ ਵਿਚ ਭੈਭੀਤ ਯਹੂਦੀ ਆਗੂ ਜਿਨ੍ਹਾਂ ਦੇ ਹੱਥਾਂ ਵਿਚ ਪੱਥਰ ਸਨ ਅੱਜ ਦੇ ਉਨ੍ਹਾਂ ਬੇਵਿਸ਼ਵਾਸਿਆਂ ਨਾਲੋਂ ਜੋ ਯਿਸੂ ਨੂੰ ''ਨੇਕ ਇਨਸਾਨ'' ਆਖਦੇ ਹਨ, ਵੱਧ ਸਮਝ ਰੱਖਦੇ ਸਨ ਕਿ ਯਿਸੂ ਦੇ ਕਹਿਣ ਤੋਂ ਕੀ ਭਾਵ ਹੈ।

ਇਸ ਸਬੰਧ ਵਿਚ ਜੋਸ਼ ਮੈਕਡੌਵਲ ਨੇ ਲਿਖਿਆ ਹੈ:

> ਯਿਸੂ ਲਈ ਇਹ ਗੱਲ ਬਹੁਤ ਮਹੱਤਵ ਦੀ ਸੀ ਕਿ ਮਰਦ ਅਤੇ ਔਰਤਾਂ ਉਸ ਨੂੰ ਕੀ ਮੰਨਦੇ ਸਨ? ਉਹ ਗੱਲ ਕਹਿਣ ਨਾਲ ਜੋ ਯਿਸੂ ਨੇ ਕਹੀ ਸੀ ਅਤੇ ਉਹ ਦਾਅਵਾ ਕਰਨ ਜੋ ਆਪਣੇ ਬਾਰੇ ਕਿਹਾ ਸੀ, ਕੋਈ ਇਹ ਨਿਚੋੜ ਨਹੀਂ ਕੱਢ ਸਕਦਾ ਕਿ ਉਹ ਇਕ ਨੇਕ ਆਦਮੀ ਜਾਂ ਨਬੀ ਹੀ ਸੀ। ਉਸ ਨੂੰ ਮਨੁੱਖ ਕਹਿਣਾ ਕੋਈ ਬਦਲ ਨਹੀਂ ਹੈ, ਅਤੇ ਯਿਸੂ ਨੇ ਕਦੇ ਅਜਿਹਾ ਨਹੀਂ ਚਾਹਿਆ।[1]

ਕਈ ਵਰ੍ਹੇ ਪਹਿਲਾਂ, ਸੀ. ਐਸ. ਲੂਈਸ ਨੇ ਅਜਿਹਾ ਹੀ ਨਤੀਜਾ ਕੱਢਿਆ ਸੀ:

> ਮੈਂ ਜਿੱਥੇ ਉਸ ਦੇ ਬਾਰੇ ਲੋਕਾਂ ਦੀ ਇਹ ਸੱਚਮੁੱਚ ਬੇਵਕੂਫ਼ੀ ਭਰੀ ਗੱਲ ਨੂੰ ਕਿ ''ਮੈਂ ਯਿਸੂ ਨੂੰ ਮਹਾਨ ਗੁਰੂ ਤਾਂ ਮੰਨਦਾ ਹਾਂ, ਪਰ ਪਰਮੇਸ਼ੁਰ ਹੋਣ ਦੇ ਉਸਦੇ ਦਾਅਵੇ ਨੂੰ ਨਹੀਂ ਮੰਨਦਾ'' ਰੋਕਣ ਦੀ ਕੋਸ਼ਿਸ਼ ਕਰ ਰਿਹਾ ਹਾਂ। ਸਾਨੂੰ ਅਜਿਹੀ ਗੱਲ ਨਹੀਂ ਕਰਨੀ ਚਾਹੀਦੀ। ਸਿਰਫ਼ ਮਨੁੱਖ ਹੋਣ ਵਾਲਾ ਅਤੇ ਵੈਸੀਆਂ ਹੀ ਗੱਲਾਂ ਜੋ ਯਿਸੂ ਨੇ ਕਹੀਆਂ, ਕਰਨ ਵਾਲਾ ਆਦਮੀ ਕੋਈ ਮਹਾਨ ਗੁਰੂ ਨਹੀਂ ਹੋਵੇਗਾ। ਉਹ ਜਾਂ ਤਾਂ ਪਾਗਲ ਹੋਵੇਗਾ ਭਾਵ ਉਸ ਆਦਮੀ ਵਰਗਾ ਹੋਵੇਗਾ ਜੋ ਕਹਿੰਦਾ ਹੈ ਕਿ ਉਹ ਪਿਚਪਿਚਾ ਅੰਡਾ ਹੈ ਜਾਂ ਨਰਕ ਦਾ ਸ਼ੈਤਾਨ। ਤੁਸੀਂ ਆਪਣੀ ਪਸੰਦ ਚੁਣਨੀ ਹੈ, ਜਾਂ ਤਾਂ ਇਹ ਆਦਮੀ ਖ਼ੁਦਾ ਦਾ ਪੁੱਤਰ ਸੀ ਅਤੇ ਹੈ: ਜਾਂ ਕੋਈ ਪਾਗਲ ਜਾਂ ਉਸ ਤੋਂ ਵੀ ਬੁਰਾ। ਮੂਰਖ਼ ਹੈ ਤਾਂ ਤੁਸੀਂ ਉਸ ਨੂੰ ਚੁੱਪ ਕਰਾ ਸਕਦੇ ਹੋ, ਬਦਰੂਹ ਹੈ ਤਾਂ ਤੁਸੀਂ ਉਸ ਤੇ ਥੁੱਕ ਸਕਦੇ ਹੋ ਅਤੇ ਉਸਨੂੰ ਮਾਰ ਸਕਦੇ ਹੋ; ਜਾਂ ਉਸਦੇ ਕਦਮਾਂ ਵਿਚ ਡਿੱਗ ਕੇ ਉਸ ਨੂੰ ਪ੍ਰਭੂ ਅਤੇ ਪਰਮੇਸ਼ੁਰ ਕਹਿ ਕੇ ਪੁਕਾਰ ਸਕਦੇ ਹੋ। ਪਰ ਉਸ ਨੂੰ ਮਹਾਨ ਗੁਰੂ ਹੋਣ ਦਾ ਕੋਈ ਬੇਵਕੂਫ਼ੀ ਭਰਿਆ ਨਾਂ ਨਾ ਦਿਓ। ਇਹ ਫ਼ੈਸਲਾ ਕਰਨਾ ਉਸਨੇ ਸਾਡੇ ਤੇ ਨਹੀਂ ਛੱਡਿਆ ਹੈ। ਉਸਦੀ ਇੱਛਾ ਗੁਰੂ ਬਣਨ ਦੀ ਨਹੀਂ ਸੀ।[2]

ਸ਼ਾਇਦ ਆਪਣੇ ਲਈ ਯਿਸੂ ਦੇ ਸਾਫ਼ ਦਾਅਵਿਆਂ ਦਾ ਅਰਥਾਂ ਨੂੰ ਹੋਮੇਰ ਹੇਲੀ ਨੇ ਸਭ ਤੋਂ ਸੰਖੇਪ ਵਿਚ ਦੱਸਿਆ ਹੈ: ਜੇ ਉਹ, ਉਹ ਨਹੀਂ ਸੀ ਜੋ ਹੋਣ ਦਾ ਉਸਨੇ ਦਾਅਵਾ ਕੀਤਾ ਸੀ, ਤਾਂ

ਉਹ ਫ਼ਰੇਬੀ, ਕਾਫ਼ਰ, ਕਪਟੀ, ਪਖੰਡੀ ਅਤੇ ਝੂਠਾ ਸੀ।[3]

## ਸਾਰ

ਅੱਜ ਇਸ ਸਭ ਦਾ ਸਾਡੇ ਲਈ ਕੀ ਅਰਥ ਹੈ? ਪਹਿਲਾਂ ਤਾਂ, ਉਨ੍ਹਾਂ ਲਈ ਜਿਨ੍ਹਾਂ ਦਾ ਪਾਲਣ-ਪੋਸ਼ਣ ਮਸੀਹੀ ਵਿਸ਼ਵਾਸ ਵਿਚ ਹੋਇਆ ਹੈ, ਉਹ ਸਾਨੂੰ ਆਪਣੇ ਰੂਹਾਨੀ ਵਿਸ਼ਵਾਸ ਕਿ ''ਯਿਸੂ ਨੇਕ ਇਨਸਾਨ ਸੀ'' ਦੇ ਚਰਣ ਦੇ ਅੱਗੇ ਚੱਲਣ ਨੂੰ ਮਜਬੂਰ ਕਰਦਾ ਹੈ। ਆਪਣੇ ਬੱਚਿਆਂ ਦੇ ਵੱਡੇ ਹੋਣ ਦੇ ਨਾਲ ਨਾਲ, ਮੈਂ ਚਾਹੁੰਦਾ ਹਾਂ ਕਿ ਉਹ ਬਚਪਨ ਤੋਂ ਹੀ ਬੱਚਿਆਂ ਅਤੇ ਦੁੱਖੀ ਲੋਕਾਂ ਪ੍ਰਤੀ ਯਿਸੂ ਦੀ ਦਿਆਲਤਾ ਅਤੇ ਕੋਮਲਤਾ ਤੋਂ ਪ੍ਰਭਾਵਿਤ ਹੋ ਜਾਣ। ਯਿਸੂ ਦੀ ਅਜਿਹੀ ਤਸਵੀਰ ਮਨ ਵਿਚ ਰੱਖਣਾ ਚੰਗੀ ਗੱਲ ਹੈ। ਪਰ ਜੇ ਮੇਰੇ ਬੱਚਿਆਂ ਦੇ ਦਿਮਾਗ ਵਿਚ ਵੱਡੀ ਨਹੀਂ ਹੁੰਦੀ ਭਾਵ ਜੇ ਉਨ੍ਹਾਂ ਨੂੰ ਕਦੇ ਸਮਝ ਨਹੀਂ ਆਉਂਦਾ ਕਿ ਯਿਸੂ ਨਰਮ ਦਿਲ ਹੀ ਨਹੀਂ ਸਖ਼ਤ ਅਤੇ ਮੰਗ ਕਰਨ ਵਾਲਾ ਵੀ ਸੀ, ਤਾਂ ਉਨ੍ਹਾਂ ਦਾ ਵਿਸ਼ਵਾਸ ਕਦੇ ਵਧ ਨਹੀਂ ਸਕੇਗਾ। ਯਿਸੂ ਨੇ ''ਮੈਂ ਹਾਂ'' ਹੋਣ ਦਾ ਦਾਅਵਾ ਕੀਤਾ। ਪੁਰਾਣੀ ਕਹਾਵਤ ਸੱਚ ਹੁੰਦੀ ਹੈ ਕਿ ''ਜਾਂ ਤਾਂ ਯਿਸੂ ਸਭ ਦਾ ਪ੍ਰਭੂ ਹੈ, ਜਾਂ ਫਿਰ ਉਹ ਪ੍ਰਭੂ ਹੈ ਹੀ ਨਹੀਂ!''

ਯੂਹੰਨਾ 8 ਅਧਿਆਇ ਵਿਚ ਸੌਣ ਵਾਲੇ, ਉਦਾਸੀਨ ਮਸੀਹੀ ਨਾਲ ਮਿਲਣਾ ਮੂੰਹ ਤੇ ਠੰਢੀ ਚਪੇੜ ਵਾਂਗ ਲੱਗਦਾ ਹੈ। ਕੀ ਉਹ ਉਹੀ ਹੈ ਜੋ ਉਹ ਕਹਿੰਦਾ ਹੈ ਕਿ ਉਹ ਹੈ। ਜੇ ਉਹ ਉਹ ਨਹੀਂ ਹੈ, ਤਾਂ ਫਿਰ ਅਸੀਂ ਕਿਉਂ ''ਕਲੀਸੀਆ ਬਣੇ ਹੋਏ'' ਹਾਂ? ਜੇ ਉਹ ਉਹੀ ਹੈ, ਤਾਂ ਫਿਰ ਸਾਡੀ ਜ਼ਿੰਦਗੀ ਅਤੇ ਕੰਮ ਉਹੋ ਜਿਹੇ ਕਿਉਂ ਨਹੀਂ ਹਨ ਜਿਵੇਂ ਪ੍ਰਭੂ ਯਿਸੂ ਤੋਂ ਵਧ ਕੇ ਸਾਡੇ ਲਈ ਕੋਈ ਗੱਲ ਨਾ ਹੋਵੇ?

ਬੰਦਗੀਆਂ ਵਿਚ ਬੰਦਗੀ ਕਰਨ ਵਾਲੇ ਮਰਦ ਜਾਂ ਔਰਤਾਂ ਜੇ ਸੋਮਵਾਰ ਤੋਂ ਸਨਿੱਚਰਵਾਰ ਤਕ ਮਸੀਹੀ ਵਾਂਗ ਹੀ ਜ਼ਿੰਦਗੀ ਨਹੀਂ ਕੱਟਦੇ, ਤਾਂ ਯਿਸੂ ਨਾਲ ਇਹ ਮੁਲਾਕਾਤ ਉਨ੍ਹਾ ਨੂੰ ਕੋਈ ਫ਼ੈਸਲਾ ਲੈਣ ਲਈ ਆਖਦੀ ਹੈ। ਸਾਡੇ ਵਿੱਚੋਂ ਹਰ ਕਿਸੇ ਨੂੰ ਜਾਂ ਤਾਂ ਵਿਸ਼ਵਾਸ ਦੇ ਜਾਂ ਅਵਿਸ਼ਵਾਸ ਦੇ ਹੱਕ ਵਿਚ ਖੜੇ ਹੋਣਾ ਪਵੇਗਾ।

ਤੁਸੀਂ ਯਿਸੂ ਨੂੰ ਕੀ ਮੰਨਦੇ ਹੋ? ਕੀ ਉਹ ਇਕ ਧੋਖੇਬਾਜ਼ ਸੀ? ਕੀ ਉਹ ਝੂਠਾ ਸੀ? ਕੀ ਉਹ ਪਾਗ਼ਲ ਸੀ? ਕੀ ਉਹ ਪ੍ਰਭੂ ਹੈ? ਤੁਹਾਨੂੰ ਦੱਸਣਾ ਹੀ ਪਵੇਗਾ!

---

ਟਿੱਪਣੀਆਂ

[1]ਜ਼ੋਸ ਮੈਕਡੌਵਲ, *ਮੋਰ ਦੈਨ ਏ ਕਾਰਪੈਂਟਰ* (ਵ੍ਹੀਟਨ, ਇਲਿਨੋਇ: ਲਿਵਿੰਗ ਬੁੱਕਸ, 1977), 25. [2]ਸੀ. ਐੱਸ. ਲੂਈਸ, *ਮਿਅਰ ਕ੍ਰਿਸਚਿਐਨਿਟੀ* (ਨਿਊ ਯਾਰਕ: ਮੈਕਮਿਲਨ ਕੰ., 1943), 55-56. [3]ਹੋਮੇਰ ਹੇਲੀ, *ਦੈਟ ਯੂ ਮੇਅ ਬਿਲੀਵ* (ਗ੍ਰੈਂਡ ਰੈਪਿਡਸ, ਮਿਸ਼ਿਗਨ: ਬੇਕਰ ਬੁੱਕ ਹਾਉਸ, 1973), 25.